
ਨਹਿਰੂ ਮੈਮੋਰੀਅਲ ਸਰਕਾਰੀ ਕਾਲਜ, ਮਾਨਸਾ
NEHRU MEMORIAL GOVT. COLLEGE, MANSA
GPS Map Camera
Nehru
Memorial
Google
Mansa, Punjab, India
298W+P8H, Arvind Nagar, Mansa, Punjab 151505, India
Lat 30.016448°
Long 75.397044°
12/03/22 01:29 PM

# ਸਾਡੇ ਵਿਦਿਆਰਥੀ ਸਾਡਾ ਮਾਣ

## ਨਿੱਘਾ ਸੱਦਾ

ਤੁਹਾਡੀ ਆਪਣੀ ਸ਼ਾਨੁਮੱਤੀ ਸੰਸਥਾ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ, ਮਾਨਸਾ ਵੱਲੋਂ ਤੁਹਾਡੇ ਮਾਣ 'ਚ ਉਲੀਕੇ 'ALUMNI MEET' ਦੇ ਆਯੋਜਿਤ ਪ੍ਰੋਗਰਾਮ 'ਚ ਸ਼ਿਰਕਤ ਕਰਨ ਦਾ ਨਿੱਘਾ ਸੱਦਾ ਦਿੰਦਿਆਂ ਅਸੀ ਖੁਸ਼ੀ ਮਹਿਸੂਸ ਕਰ ਰਹੇ ਹਾਂ। ਕਾਲਜ ਦੇ ਵਿਹੜੇ ਰੱਖੀ ਇਸ ਮਿਲਣੀ ਦਾ ਮਕਸਦ ਉਹਨਾਂ ਵਿਦਿਆਰਥੀਆਂ ਨੂੰ ਇਕੱਤਰ ਕਰਨਾ ਹੈ, ਜੋ ਅੱਜਕੱਲ ਅਧਿਆਪਨ ਕਾਰਜ ਨਾਲ ਜੁੜੇ ਹੋਏ ਹਨ। ਆਓ ਆਪਣੀਆਂ ਯਾਦਾਂ ਨੂੰ ਤਾਜ਼ਾ ਕਰੀਏ ਅਤੇ ਸੰਸਥਾ ਦੀ ਬਿਹਤਰੀ ਲਈ ਯਤਨ ਜੁਟਾਈਏ।

ਸਮਾਂ: 11:00 ਵਜੇ , 12 ਮਾਰਚ 2022 ਦਿਨ ਸ਼ਨੀਵਾਰ

ਸਥਾਨ : ਨਹਿਰੂ ਮੈਮੋਰੀਅਲ ਸਰਕਾਰੀ ਕਾਲਜ, ਮਾਨਸਾ

ਉਡੀਕਵਾਨ

ਪ੍ਰਿੰਸੀਪਲ , ਸਮੂਹ ਸਟਾਫ਼ ਅਤੇ ਵਿਦਿਆਰਥੀ

# ਨਹਿਰੂ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਨਾਲ ਮਿਲਣੀ

## ਪੁਸਤਕ ਪ੍ਰਦਰਸ਼ਨੀ ਵੀ ਲਗਾਈ



ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਪੁਰਾਣੇਂ ਵਿਦਿਆਰਥੀਆਂ ਨਾਲ ਮਿਲਣੀ ਮੌਕੇ ਦੀ ਤਸਵੀਰ। ਅਜੀਤ ਤਸਵੀਰ

ਮਾਨਸਾ, 12 ਮਾਰਚ (ਸਟਾਫ਼ ਰਿਪੋਰਟਰ)- ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਪੁਰਾਣੇ ਵਿਦਿਆਰਥੀ ਜੋ ਅਧਿਆਪਕ ਖ਼ਿੱਤੇ ਨਾਲ ਜੁੜੇ ਹੋਏ ਹਨ, ਨਾਲ ਮਿਲਣੀ ਕੀਤੀ ਗਈ। ਕਾਲਜ ਪ੍ਰਿੰਸੀਪਲ ਮੀਨਾਕਸ਼ੀ ਮੜਕਨ ਨੇ ਕਿਹਾ ਕਿ ਸਕੂਲ ਅਤੇ ਕਾਲਜ ਅਧਿਆਪਕ ਕੜੀ ਵਾਂਗ ਜੁੜ ਕੇ ਕਾਲਜ ਦੀ ਬਿਹਤਰੀ ਲਈ ਯਤਨ ਜੁਟਾਉਣ। ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਸੁਖਦੀਪ ਸਿੰਘ, ਪ੍ਰਿੰਸੀਪਲ ਅਸ਼ੋਕ ਕੁਮਾਰ ਨੇ ਦੱਸਿਆ ਕਿ ਉਚੇਰੀ ਸਿੱਖਿਆ ਵਿਭਾਗ ਕਾਲਜਾਂ ਦੇ ਨਕਸ਼ ਨੁਹਾਰ ਨੂੰ ਬਦਲਣ ਲਈ ਪੱਬਾਂ ਭਾਰ ਹੈ। ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਸੀਮਾ ਜਿੰਦਲ ਨੇ ਆਪਣੀਆਂ ਚੋਣਵੀਆਂ ਕਵਿਤਾਵਾਂ ਦਾ ਪਾਠ ਕੀਤਾ। ਪੁਰਾਣੇ ਵਿਦਿਆਰਥੀ ਰਵਿੰਦਰ ਕੁਮਾਰ ਕਾਂਸਲ ਰਾਏਪੁਰ ਸਕੂਲ, ਜਗਦੀਪ ਸਿੰਘ ਸਿੱਧੂ ਰਮਦਿੱਤੇਵਾਲਾ ਸਕੂਲ, ਬਲਵਿੰਦਰ ਸਿੰਘ ਖਿੱਲਣ, ਸ਼ਿਵ ਸ਼ੰਕਰ ਸ਼ਰਮਾ ਕੋਟੜਾ, ਬਲਜੀਤ ਸਿੰਘ ਅਕਲੀਆ ਸਰਕਾਰੀ ਹਾਈ ਸਕੂਲ ਕੁਤਬਾ (ਬਰਨਾਲਾ) ਨੇ ਆਪਣੇ ਕਾਲਜ ਜੀਵਨ ਦੀਆਂ ਯਾਦਾਂ ਨੂੰ ਸਾਂਝਾ ਕਰਦਿਆਂ ਵੱਖ-ਵੱਖ ਸਭਿਆਚਾਰਕ ਵੰਨਗੀਆਂ ਵੀ ਪੇਸ਼ ਕੀਤੀਆਂ। ਮੰਚ ਸੰਚਾਲਨ ਕਰਦਿਆਂ ਡਾ. ਰਾਵਿੰਦਰ ਸਿੰਘ ਨੇ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਕਾਲਜ ਦੀ ਤਰੱਕੀ ਲਈ ਸਾਡਾ ਸਾਥ ਦੇਣ ਅਤੇ ਸਕੂਲੀ ਵਿਦਿਆਰਥੀਆਂ ਨੂੰ ਕਾਲਜ ਵਿੱਚ ਦਾਖ਼ਲਾ ਲੈਣ ਲਈ ਪ੍ਰੇਰਿਤ ਕਰਨ। ਭਾਸ਼ਾ ਵਿਭਾਗ ਮਾਨਸਾ ਵੱਲੋਂ ਪੁਸਤਕ ਪ੍ਰਦਰਸ਼ਨੀ ਲਗਾਈ ਗਈ। ਇਸ ਮੌਕੇ ਜ਼ਿਲ੍ਹਾ ਖੋਜ ਅਫ਼ਸਰ ਸ਼ਾਇਰ ਗੁਰਪ੍ਰੀਤ, ਪ੍ਰੋ. ਚਰਨਜੀਤ ਸਿੰਘ ਸਿੱਧੂ, ਜਗਜੀਤ ਸਿੰਘ ਵਾਲੀਆ, ਪ੍ਰਿੰਸੀਪਲ ਓਮ ਪ੍ਰਕਾਸ਼ ਮਿੱਢਾ, ਡਾ. ਸੁਪਨਦੀਪ ਕੌਰ, ਡਾ. ਅਮਿਤ ਕਾਂਸਲ, ਡਾ. ਅਵਿਨਾਸ਼ ਕੁਮਾਰ, ਪ੍ਰੋ. ਅੰਬੇਸ਼ ਭਾਰਦਵਾਜ, ਡਾ. ਅਜਮੀਤ ਕੌਰ, ਪ੍ਰੋ. ਕੁਲਦੀਪ ਸਿੰਘ, ਪ੍ਰੋ. ਬਲਜੀਤ ਸਿੰਘ, ਡਾ. ਹਰਵਿੰਦਰ ਕੌਰ, ਪ੍ਰੋ. ਕੁਲਦੀਪ ਚੌਹਾਨ, ਪ੍ਰੋ. ਸਿੰਪਲ ਬਾਂਸਲ, ਪ੍ਰੋ. ਜੋਤੀ, ਪ੍ਰੋ. ਪ੍ਰਤਿਭਾ ਜਿੰਦਲ, ਪ੍ਰੋ. ਗਗਨਦੀਪ ਕੁਮਾਰ, ਪ੍ਰੋ. ਲੋਕੇਸ਼ ਗਰਗ, ਪ੍ਰੋ. ਵਿਕੇਸ਼ ਬਾਂਸਲ, ਸੁਰੇਸ਼ ਕੁਮਾਰ, ਗਗਨਦੀਪ ਕੌਰ ਆਦਿ ਹਾਜ਼ਰ ਸਨ।

CMYK